**ਸਾਇੰਸ / ਕਾਮਰਸ ਗਰੁੱਪਾਂ ਦੀ ਰੈਸ਼ਨੇਲਾਈਜੇਸ਼ਨ ਪਾਲਿਸੀ 2013**

ਰੈਸ਼ਨੇਲਾਈਜੇਸ਼ਨ ਲਈ ਬੱਚਿਆਂ ਦੀ ਗਿਣਤੀ ਦਾ ਆਧਾਰ 20-04-2013 ਦੇ ਅੰਕੜੇ ਹੋਣਗੇ ।

1.11ਵੀਂ ਅਤੇ 12ਵੀਂ ਜਮਾਤ ਦੇ ਸਾਇੰਸ / ਕਮਰਸ ਗਰੁੱਪ ਨੂੰ ਚਲਾਉਣ ਲਈ 11ਵੀਂ ਜਾ 12ਵੀ ਇਕ ਜਮਾਤ ਵਿੱਚੋ ਕਿਸੇ ਵੀ ਜਮਾਤ ਵਿੱਚ ਘੱਟ ਤੋਂ ਘੱਟ 10 ਵਿਦਿਆਰਥੀਆਂ ਦਾ ਹੋਣਾ ਜਰੂਰੀ ਹੈ ਇਸ ਤੋਂ ਘੱਟ ਵਿਦਿਆਰਥੀ ਹੋਣ ਤੇ ਗਰੁੱਪ ਚਾਲੂ ਨਹੀਂ ਰੱਖਿਆ ਜਾਵੇਗਾ।ਜੇਕਰ ਮੈਡੀਕਲ / ਨਾਨ-ਮੈਡੀਕਲ ਗਰੁੱਪ ਵਿੱਚ ਕਿਸੇ ਇੱਕ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 10 ਤੋਂ ਘੱਟ ਹੈ ਤਾਂ ਗਰੁੱਪ ਚਾਲੂ ਰੱਖਣ ਲਈ ਘੱਟ ਗਿਣਤੀ ਵਾਲੇ ਵਿਸ਼ੇ ਦੀ ਅਸਾਮੀ ਸ਼ਿਫਟ ਨਹੀ ਕੀਤੀ ਜਾਵੇਗੀ।

2. 11ਵੀਂ, 12ਵੀਂ ਜਮਾਤ ਦੇ ਸਾਇੰਸ ਗਰੁੱਪ ਲਈ ਅਧਿਆਪਕ ਵਿਦਿਆਰਥੀ ਅਨੁਪਾਤ 1:40 ਹੋਵੇਗਾ ਪਰ ਦੂਜਾ ਸੈਕਸ਼ਨ 45 ਤੋਂ ਵੱਧ ਵਿਦਿਆਰਥੀਆਂ ਲਈ ਹੋਵੇਗਾ ਅਤੇ 26 ਵਿਦਿਆਰਥੀਆਂ ਤੇ ਪ੍ਰੈਕਟੀਕਲ ਦਾ ਦੂਜਾ ਸੈਕਸ਼ਨ ਬਣਾਇਆ ਜਾ ਸਕੇਗਾ।

3. . ਜਿਹਨਾਂ ਸਕੂਲਾਂ ਵਿੱਚੋਂ ਪਿਛਲੀਆਂ ਰੈਸ਼ਨੇਲਾਈਜੇਸ਼ਨਾਂ ਦੌਰਾਨ ਸਾਇੰਸ ਦੇ ਗਰੁੱਪ ਸ਼ਿਫਟ ਹੋ ਗਏ ਸਨ ਪਰ ਪ੍ਰਯੋਗਸ਼ਾਲਾ ਨਾਲ ਸਬੰਧਤ ਸਮਾਨ ਅਜੇ ਵੀ ਉੱਥੇ ਹੀ ਪਿਆ ਹੈ, ਉਹਨਾਂ ਸਕੂਲਾਂ ਵਿੱਚੋਂ ਇਹ ਸਮਾਨ, ਅਜਿਹੇ ਸਕੂਲਾਂ ਵਿੱਚ ਸ਼ਿਫਟ ਕਰ ਦਿੱਤਾ ਜਾਵੇ ਜਿੱਥੇ ਹੁਣ ਸਾਇੰਸ ਗਰੁੱਪ ਚੱਲ ਰਿਹਾ ਹੈ ਅਤੇ ਸਮਾਨ ਦੀ ਲੋੜ ਹੈ।

4. ਜਿਹਨਾਂ. ਸਕੂਲਾਂ ਵਿੱਚ ਸਾਇੰਸ/ਕਾਮਰਸ ਗਰੁੱਪ ਦੇ ਲੈਕਚਰਾਰ ਹਨ ਪਰੰਤੂ ਇਹਨਾਂ ਸਕੂਲਾਂ ਵਿੱਚ ਪਾਲਿਸੀ ਦੇ ਨਿਯਮਾਂ ਅਨੁਸਾਰ ਗਰੁੱਪ ਚਲਾਉਣਾ ਨਹੀਂ ਬਣਦਾ, ਉਹਨਾਂ ਸਕੂਲਾਂ ਦੇ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾਵੇ।

**ੳ. ਜਿਲ੍ਹਾ ਪੱਧਰ ਤੇ ਸਕੂਲਾਂ ਦੀ ਸੂਚੀ ਬਣਾਉਣ ਸਬੰਧੀ:-** ਜਿਲ੍ਹਾ ਪੱਧਰ ਤੇ ਜਿਲ੍ਹੇ ਅੰਦਰ ਚੱਲ ਰਹੇ ਸਾਇੰਸ/ਕਾਮਰਸ ਗਰੁੱਪਾਂ ਵਾਲੇ ਸਕੂਲਾਂ ਦੀ 11ਵੀਂ ਤੇ 12ਵੀਂ ਜਮਾਤ ਵਿੱਚ ਪੜ੍ਹਦੇ ਸਾਇੰਸ/ਕਾਮਰਸ ਦੇ ਕੁੱਲ ਵਿਦਿਆਰਥੀਆਂ ਦੀ ਗਿਣਤੀ ਦੇ ਅਧਾਰ ਤੇ ਦੋਹਾਂ ਗਰੁੱਪਾਂ ਦੀ ਵੱਖੋ - ਵੱਖਰੀ ਸੂਚੀ ਪ੍ਰਫਾਰਮਾ $S_1/C_1$ ਉੱਪਰ ਬਣਾਈ ਜਾਵੇ, ਜਿਸ ਵਿੱਚ ਸਭ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ ਵਾਲੇ ਸਕੂਲ ਨੂੰ ਲੜੀ ਨੰ: 1 ਤੇ ਦਰਜ ਕਰਕੇ ਬਾਕੀ ਸਕੂਲਾਂ ਨੂੰ ਵਿਦਿਆਰਥੀਆਂ ਦੀ ਗਿਣਤੀ ਦੇ ਅਧਾਰ ਤੇ ਘੱਟਦੇ ਕ੍ਰਮ ਅਨੁਸਾਰ ਇਸ ਸੂਚੀ ਵਿੱਚ ਦਰਜ ਕੀਤਾ ਜਾਵੇ। ਜਿਹਨਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਰਾਬਰ ਹੋਵੇ (ਜਿਵੇਂ 5-5 ਜਾਂ 0-0) ਤਾਂ ਉਹਨਾਂ ਸਕੂਲਾਂ ਦਾ ਸੂਚੀ ਵਿੱਚ ਮੈਰਿਟ ਕ੍ਰਮ ਨਿਰਧਾਰਿਤ ਕਰਨ ਲਈ, ਸਕੂਲਾਂ ਵਿੱਚ ਚੱਲ ਰਹੇ ਸਾਰੇ ਗਰੁੱਪਾਂ ਦੇ ਕੁੱਲ ਵਿਦਿਆਰਥੀਆਂ ਦੀ ਵੱਧ ਗਿਣਤੀ ਨੂੰ ਅਧਾਰ ਮੰਨ ਲਿਆ ਜਾਵੇ ਅਤੇ ਗਿਣਤੀ ਦੇ ਘੱਟਦੇ ਕ੍ਰਮ ਅਨੁਸਾਰ ਸੂਚੀ ਵਿਚ ਦਰਜ ਕੀਤਾ ਜਾਵੇ ਅਤੇ ਵਿਸ਼ੇਸ਼ ਕਥਨ ਵਿੱਚ ਇਹ ਗਿਣਤੀ ਦਰਸਾਈ ਜਾਵੇ।ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਇਸ ਪ੍ਰਫਾਰਮੇ ਦੇ ਵਿਸ਼ੇਸ ਕਥਨ ਵਿੱਚ ਸਕੂਲਾਂ ਦੀ ਹਾਲਤ ਅਨੁਸਾਰ ਚਾਲੂ ਰੱਖਣਾ,ਬੰਦ ਕਰਨਾ, ਸਿਫਟ ਕਰਨਾ ਆਦਿ ਨੋਟ ਦੇਣਗੇ।

ਅ. **ਨਵੇ ਸਕੂਲਾਂ ਵਿੱਚ ਸਾਇੰਸ/ਕਮਰਸ ਗਰੁੱਪ ਸ਼ਿਫਟ ਕਰਕੇ ਦੇਣ ਸਬੰਧੀ:-** ਜਿਲ੍ਹੇ ਅੰਦਰ ਸਾਇੰਸ/ਕਮਰਸ ਗਰੁੱਪ ਚੱਲਣ ਦੀ ਸੰਭਾਵਨਾ ਵਾਲੇ ਸਕੂਲਾਂ ਦੀ ਸ਼ਨਾਖਤ ਕਰਨ ਲਈ ਜਿਲ੍ਹਾ ਪੱਧਰ ਤੇ ਇੱਕ ਕਮੇਟੀ ਬਣਾਈ ਜਾਵੇ। ਇਸ ਕਮੇਟੀ ਵਿੱਚ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਤੋਂ ਇਲਾਵਾ,ਜਿਲ੍ਹਾ ਸਾਇੰਸ ਸੁਪਰਵਾਈਜ਼ਰ ਅਤੇ ਇੱਕ ਪ੍ਰਿੰਸੀਪਲ ਸ਼ਾਮਲ ਹੋਣਗੇ। ਇਹ ਕਮੇਟੀ ਫੀਡਰ ਖੇਤਰ , ਵਿਦਿਆਰਥੀਆਂ ਦੀ ਕੁੱਲ ਗਿਣਤੀ ,ਜਨਸੰਖਿਆ ਅਤੇ ਨੇੜੇ ਚਲ ਰਹੇ ਹੋਰ ਸਾਇੰਸ/ਕਮਰਸ ਦੀ ਦੂਰੀ ਨੂੰ ਆਧਾਰ ਮੰਨਕੇ ਨਵੇਂ ਸਕੂਲ ਤਜਵੀਜ ਕਰੇਗੀ ਅਤੇ ਤਜਵੀਜ ਕਰਨ ਦੇ ਇਸ ਆਧਾਰ ਨੂੰ ਵਿਸੇਸ ਕਥਨ ਵਿੱਚ ਦਰਜ ਕਰੇਗੀ।ਕਮੇਟੀ ਪ੍ਰਫਾਰਮਾ $S_2/C_2$ ਵਿੱਚ ਪਹਿਲਾਂ ਚੱਲ ਰਹੇ ਚਲਾਉਂਣ ਯੋਗ ਸਕੂਲ, ਸਾਇੰਸ ਵਿਸ਼ੇ ਦੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਘੱਟਦੇ ਕ੍ਰਮ ਵਿੱਚ ਅਤੇ ਇਸ ਮੈਰਿਟ ਵਿੱਚ ਢੁਕਵੇਂ ਸਥਾਨ ਤੇ ਨਵੇਂ ਤਜਵੀਜ ਸਕੂਲ ਕੁੱਲ ਵਿਦਿਆਰਥੀਆਂ ਦੀ ਗਿਣਤੀ ਦੇ ਆਧਾਰ ਤੇ ਘੱਟਦੇ ਕ੍ਰਮ ਵਿੱਚ ਦਰਜ਼ ਕਰਨਗੇ। ਜੇਕਰ ਕਿਸੇ ਸਕੂਲ ਵਿੱਚ ਸਾਇੰਸ/ਕਾਮਰਸ ਗਰੁੱਪ ਪਹਿਲਾਂ ਮੰਨਜੂਰ ਸੀ ਪਰੰਤੂ ਲੈਕਚਰਾਰਾਂ ਦੀਆਂ ਅਸਾਮੀਆਂ ਖਾਲੀ ਹੋਣ ਕਾਰਨ ਉੱਥੇ ਬੱਚੇ ਦਾਖਲ ਨਾ ਹੋਣ ਕਰਕੇ, ਉੱਥੋਂ ਇਹ ਗਰੁੱਪ ਪਿਛਲੀਆਂ ਰੈਸ਼ਨੇਲਾਈਜੇਸ਼ਨਾਂ ਦੌਰਾਨ ਸ਼ਿਫਟ ਹੋ ਗਿਆ ਹੋਵੇ ਅਤੇ ਹੁਣ ਉਸ ਸਕੂਲ ਵਿੱਚ ਗਰੁੱਪ ਚੱਲਣ ਦੀ ਸੰਭਾਵਨਾ ਹੋਵੇ ਤਾਂ ਉਸ ਸਕੂਲ ਨੂੰ ਵੀ ਇਸ ਸੂਚੀ ਵਿੱਚ ਸ਼ਾਮਲ ਕਰ ਲਿਆ ਜਾਵੇ।
ਨਵੇ ਸਾਇੰਸ ਗਰੁੱਪ ਲਈ ਸਕੂਲ ਦਾ ਨਾਮ ਤਜਵੀਜ ਕਰਨ ਸਮੇ ਇਹ ਦੇਖ ਲਿਆ ਜਾਵੇ ਕਿ ਜੇਕਰ ਇਸ ਨਵੇ ਸਕੂਲ ਦੇ 5-7 ਕਿ.ਮੀਟਰ ਦੇ ਘੇਰੇ ਵਿਚ ਕੋਈ ਨਵਾ ਸਾਇੰਸ ਗਰੁੱਪ ਦੇ ਦਿੱਤਾ ਗਿਆ ਸੀ ਪਰ ਉਹ ਚੱਲ ਨਹੀ ਸਕਿਆ ਤਾਂ ਇਸ ਨਾ ਚੱਲ ਸਕਣ ਵਾਲੇ ਸਾਇੰਸ ਗਰੁੱਪ ਨੂੰ ਵੀ ਨਵੇਂ ਤਜਵੀਜ ਕੀਤੇ ਨੇੜੇ ਦੇ ਸਕੂਲ ਵਿਚ ਸ਼ਿਫਟ ਕਰਨ ਦੀ ਤਜਵੀਜ ਬਣਾਈ ਜਾ ਸਕਦੀ ਹੈ।

**ੲ. ਇੱਕੋ ਸ਼ਹਿਰ / ਪਿੰਡ ਵਿੱਚ ਮੁੰਡੇ – ਕੁੜੀਆਂ ਦੇ ਸਕੂਲਾਂ ਦੇ ਸਾਇੰਸ ਗਰੁੱਪਾਂ ਨੂੰ ਤਰਕ ਸੰਗਤ ਕਰਨ ਸਬੰਧੀ:–**

ਜੇਕਰ ਕਿਸੇ ਪਿੰਡ / ਸ਼ਹਿਰ ਵਿੱਚ ਮੁੰਡੇ ਅਤੇ ਕੁੜੀਆਂ ਦੇ ਅਲੱਗ ਅਲੱਗ ਸਕੂਲਾਂ ਵਿੱਚ ਸਾਇੰਸ ਗਰੁੱਪ ਚਲ ਰਹੇ ਹਨ ਅਤੇ ਦੋਨਾਂ ਸਕੂਲਾਂ ਦੇ ਸਾਇੰਸ ਵਿਸ਼ੇ ਦੇ ਵਿਦਿਆਰਥੀਆਂ ਦੀ ਗਿਣਤੀ ਇੱਕ ਜਮਾਤ ਵਿੱਚ ਘੱਟੋ-ਘੱਟ 10 ਦੀ ਸ਼ਰਤ ਪੂਰੀ ਹੁੰਦੀ ਹੈ। ਫਿਰ ਵੀ ਉਨਾਂ ਦਾ ਰਲੇਵਾਂ ਕਰ ਲਿਆ ਜਾਵੇ ਬਸ਼ਰਤੇ ਕਿ ਕੁੱਲ ਗਿਣਤੀ 40 ਤੋਂ ਵੱਧ ਨਾ ਹੋਵੇ। ਦੋਵਾਂ ਸਾਇੰਸ ਗਰੁੱਪਾਂ ਨੂੰ ਇਕੱਠਾ ਕਰਕੇ ਮੁੰਡਿਆਂ ਵਾਲੇ ਸਕੂਲ ਵਿੱਚ ਚਲਾਇਆ ਜਾਵੇ ਅਤੇ ਕੁੜੀਆਂ ਵਾਲੇ ਸਕੂਲ ਦੇ ਸਾਇੰਸ ਗਰੁੱਪ ਨਾਲ ਸਬੰਧਤ ਸਾਰੀਆਂ ਅਸਾਮੀਆਂ ਸ਼ਿਫਟ ਕਰਕੇ ਜਿਲ੍ਹਾ ਪੂਲ ਵਿੱਚ ਪਾ ਕੇ ਲੋੜਵੰਦ ਸਕੂਲਾਂ ਵਿੱਚ ਭੇਜੀਆਂ ਜਾਣ ਅਤੇ ਕੰਮ ਕਰਦੇ ਲੈਕਚਰਾਰਾਂ ਨੂੰ ਜੇਕਰ ਮੁੰਡਿਆਂ ਵਾਲੇ ਸਕੂਲ ਵਿੱਚ ਲੋੜ ਹੈ ਤਾਂ ਕੰਮ ਕਰਦੇ ਲੈਕਚਰਾਰ ਨੂੰ ਉਥੇ ਸਿਫਟ ਕੀਤਾ ਜਾਵੇ।ਜੇਕਰ ਕੇਵਲ ਕੁੜੀਆ ਦੇ ਸਕੂਲ ਵਿੱਚ ਗਰੁੱਪ ਚੱਲ ਰਿਹਾ ਹੈ ਅਤੇ 10+1 ਅਤੇ 10+2 ਦੋਹਾ ਜਮਾਤਾ ਵਿੱਚ ਵੱਖੋ ਵੱਖਰੇ ਤੋਰ ਤੇ ਗਿਣਤੀ 25 ਤੋ ਘੱਟ ਹੈ ਤਾਂ ਗਰੁੱਪ ਮੁੰਡਿਆਂ ਦੇ ਸਕੂਲ ਵਿਚ ਸਿਫਟ ਕੀਤਾ ਜਾਵੇ।

**ਨੋਟ:–** ਸਮੂਹ ਜਿਲ੍ਹਿਆਂ ਵਿੱਚ ਕੁੜੀਆਂ ਦੇ ਜਿਨ੍ਹਾਂ ਸਕੂਲਾਂ ਵਿੱਚ ਸਾਇੰਸ ਗਰੁੱਪ ਚਲਦਾ ਹੈ ਉਨ੍ਹਾਂ ਸਕੂਲਾਂ ਵਿੱਚ ਕਿਸੇ ਵੀ ਹਾਲਤ ਵਿੱਚ ਸਾਇੰਸ ਗਰੁੱਪ ਵਿੱਚ ਮੁੰਡਿਆਂ ਨੂੰ ਦਾਖਲਾ ਨਾ ਦਿੱਤਾ ਜਾਵੇ।

ਸ. **ਸਾਇੰਸ /ਕਮਰਸ ਗਰੁੱਪ ਦੀਆਂ ਖਾਲ੍ਹੀ ਅਸਾਮੀਆਂ ਸ਼ਿਫਟ ਕਰਨ ਬਾਰੇ–**ਨਵੇਂ ਤਜਵੀਜਤ ਸਕੂਲਾਂ ਵਿੱਚ ਅਸਾਮੀਆਂ ਦੇਣ ਸਮੇਂ $S_1/C_1$ ਪ੍ਰਫਾਰਮੇ ਦੇ ਹੇਠਾਂ ਤੋਂ ਬੰਦ ਪਏ ਗਰੁੱਪਾਂ ਵਿਚੋਂ ਉਹ ਗਰੁੱਪ ਪੂਰੇ ਸਿਫਟ ਕੀਤੇ ਜਾਣ ਜਿਥੇ ਭਵਿੱਖ ਵਿੱਚ ਵੀ ਗਰੁੱਪ ਚਲਣ ਦੀ ਕੋਈ ਸੰਭਾਵਨਾ ਨਹੀਂ ਹੈ। ਉਦਾਹਰਣ ਦੇ ਤੌਰ ਤੇ ਜੇਕਰ ਕਿਸੇ ਜਿਲ੍ਹੇ ਵਿੱਚ ਕੁੱਲ ਸਾਇੰਸ ਗਰੁੱਪ ਦੇ 21 ਸਕੂਲ ਹਨ ਜਿਨ੍ਹਾਂ ਵਿਚੋਂ 11 ਸਕੂਲ ਅਜਿਹੇ ਹਨ ਜਿਥੇ ਗਿਣਤੀ ਅਨੁਸਾਰ ਗਰੁੱਪ ਨਹੀਂ ਚਲ ਸਕਦਾ ਅਤੇ ਤਿੰਨ ਨਵੇਂ ਤਜਵੀਜਤ ਸਕੂਲ ਹਨ ਤਾਂ ਉਪਰੋਕਤ 11 ਸਕੂਲਾਂ ਵਿਚੋਂ ਕੋਈ ਤਿੰਨ ਗਰੁੱਪ ਸ਼ਿਫਟ ਕੀਤੇ ਜਾਣ ਜਿਨ੍ਹਾਂ ਵਿੱਚ ਗਰੁੱਪ ਚੱਲਣ ਦੀ ਸੰਭਾਵਨਾ ਬਿਲਕੁਲ ਨਹੀਂ ਹੈ। ਬਾਕੀ ਬਚਦੇ 8 ਗੁਰੁੱਪਾ ਦੀਆਂ ਅਸਾਮੀਆਂ ਨੂੰ ਜਿਉਂ ਦਾ ਤਿਉਂ ਰੱਖ ਲਿਆ ਜਾਵੇ।

**ਹ. ਸਾਇੰਸ ਦੀਆ ਅਸਾਮੀਆਂ/ ਗਰੁੱਪਾ ਨੂੰ ਸ਼ਿਫਟ ਕਰਨਾ:–** ਲੈਕਚਰਾਰ ਸਿਫਟ ਕਰਦੇ ਸਮੇਂ ਗਰੁੱਪ ਚਲ ਸਕਣ ਵਾਲੇ ਸਕੂਲਾਂ ਵਿੱਚ ਸਾਇੰਸ ਵਿਸ਼ੇ ਦੇ ਘੱਟੋ ਘੱਟ ਚਾਰੋਂ ਲੈਕਚਰਾਰ ਪੂਰੇ ਕਰਨੇ ਜਰੂਰੀ ਹਨ ਜਿਥੇ ਵਿਦਿਆਰਥੀਆਂ ਦੀ ਗਿਣਤੀ ਦੇ ਆਧਾਰ ਤੇ ਸੈਕਸ਼ਨਾਂ ਦੀ ਗਿਣਤੀ ਜਿਆਦਾ ਹੋਵੇ ਤਾਂ ਉਥੇ ਨਾਰਮ ਅਨੁਸਾਰ ਵੱਧ ਅਸਾਮੀਆਂ ਦਿੱਤੀਆਂ ਜਾ ਸਕਦੀਆਂ ਹਨ। ਅਜਿਹਾ ਕਰਨ ਲਈ ਪਹਿਲਾਂ ਜਿਲ੍ਹੇ ਵਿੱਚ ਭਰੀਆਂ ਅਸ਼ਾਮੀਆਂ ਦੀ ਗਿਣਤੀ ਦੇ ਆਧਾਂਰ ਤੇ ਇਹ ਵੇਖ ਲਿਆ ਜਾਵੇ ਕਿ ਜਿਲ੍ਹੇ ਵਿੱਚ ਕਿੰਨੇ ਸਕੂਲਾਂ ਵਿੱਚ ਚਾਰੇ ਅਸਾਮੀਆਂ ਭਰ ਕੇ ਗਰੁੱਪ ਚੱਲ ਸਕਦਾ ਹੈ ਅਤੇ ਸਿਫਟਿੰਗ ਕਰਦੇ ਸਮੇਂ ਸਿਰਫ ਇੰਨੀ ਗਿਣਤੀ ਵਿੱਚ ਹੀ ਸਟੇਸਨ ਚੋਣ ਦਿੱਤੀ ਜਾਵੇ। ਇਸ ਵਿੱਚ ਡਾਇਟ ਅਤੇ ਇਨ ਸਰਵਿਸ ਸੈਂਟਰ ਵਿੱਚ ਕੰਮ ਕਰਦੇ ਲੈਕਚਰਾਰ ਦੀ ਗਿਣਤੀ ਵੀ ਸਾਮਲ ਕੀਤੀ ਜਾਵੇ।$S_1/C_1$ ਫਾਰਮ ਦੇ ਹੇਠਾਂ ਤੋਂ ਸਰਪਲਸ ਅਸਾਮੀਆਂ ਉੱਪਰ ਕੰਮ ਕਰਦੇ ਲੈਕਚਰਾਰ ਸਿਫਟ ਕਰਨ ਲਈ ਉਨਾਂ ਦਾ ਇੱਕ ਪੂਲ ਬਣਾ ਲਿਆ ਜਾਵੇ,ਫਿਰ $S_2/C_2$ ਪ੍ਰਫਾਰਮੇ ਵਿਚ ਭਰਨਯੋਗ ਖਾਲੀ ਅਸਾਮੀਆਂ ਦਾ ਪੂਲ ਬਣਾ ਕੇ ਬਤੌਰ ਲੈਕਚਰਾਰ ਲੰਬੀ ਸਰਵਿਸ ਨੂੰ ਪਹਿਲ ਦੇ ਕੇ ਸ਼ਟੇਸਨ ਚੋਣ ਦਿੱਤੀ ਜਾਵੇ।ਲੈਕਚਰਾਰਾਂ ਨੂੰ ਸਟੇਸਨ ਚੋਣ ਦੇਣ ਸਮੇਂ ਇਸ ਗੱਲ ਦਾ ਖਿਆਲ ਰੱਖਿਆ ਜਾਵੇ ਕਿ ਲੈਕਚਰਾਰਾਂ ਦੀ ਸਿਫਟਿੰਗ ਨਾਲ ਚਲ ਰਹੇ ਸਾਇੰਸ ਗਰੁਪਾਂ ਵਿੱਚ ਸਾਰੇ ਚਾਰੇ ਵਿਸੇ ਦੀਆਂ ਅਸਾਮੀਆ ਭਰੀਆਂ ਜਾਣ । ਜੇਕਰ ਚਲ ਰਹੇ ਜਾਂ ਤਜਵੀਜਤ ਗਰੁੱਪਾਂ ਵਿੱਚ ਅਸਾਮੀਆਂ ਖਾਲ੍ਹੀ ਰਹਿ ਜਾਂਦੀਆਂ ਹਨ ਤਾਂ ਇਸ ਦੀ ਮੰਗ ਮੰਡਲ ਪੂਲ ਵਿਚੋਂ ਕੀਤੀ ਜਾਵੇ। ਅੰਗਹੀਣ,ਵਿਧਵਾ,ਕੁਆਰੀ, ਲੈਕਚਰਾਰ ਨੂੰ ਕ੍ਰਮਵਾਰ ਤਰਜੀਹ ਦਿਤੀ ਜਾਵੇ।ਕਿਸੇ ਵੀ ਸਾਇੰਸ ਲੈਕਚਰਾਰ ਨੂੰ ਜੋ ਡੀ.ਆਰ.ਪੀ. ਵਜੋਂ ਜਾਂ ਡੀ.ਐਸ.ਐਸ.ਆਦਿ ਟੀਮ ਵਿੱਚ ਕੰਮ ਕਰਦਾ ਹੈ।ਜ਼ਿਲ੍ਹੇ ਦੇ ਚੱਲਣਯੋਗ ਸਾਇੰਸ ਗਰੁੱਪ ਦੇ ਸਕੂਲ ਵਿੱਚ ਨਾ ਰੱਖਿਆ ਜਾਵੇ ਉਸ ਨੂੰ ਡਾਇਟ ਜਾਂ ਕਿਸੇ ਹੋਰ ਨਾ ਚੱਲਣਯੋਗ ਸਾਇੰਸ ਗਰੁੱਪ ਦੀਆਂ ਅਸਾਮੀਆਂ ਤੇ ਲਾਇਆ ਜਾਵੇ।

**ਕ. ਕਾਮਰਸ ਗਰੁੱਪ ਦੀਆ ਅਸਾਮੀਆਂ/ ਗਰੁੱਪਾ ਨੂੰ ਸ਼ਿਫਟ ਕਰਨਾ:–** ਕਮਰਸ ਵਿਸ਼ੇ ਦੇ ਲੈਕਚਰਾਰ /ਗਰੁੱਪ ਦੀ ਸਿਫਟਿੰਗ ਸਮੇਂ ਵੀ ਸਾਇੰਸ ਵਿਸ਼ੇ ਵਾਲੀ ਉਪਰੋਕਤ ਨੀਤੀ ਅਪਣਾਈ ਜਾਵੇ ਅਤੇ ਪ੍ਰਫਾਰਮਾਂ $C_1,C_2$ ਦੇ ਆਧਾਰ ਤੇ ਕਾਰਵਾਈ ਕੀਤੀ ਜਾਵੇ। ਚਲ ਸਕਣ ਵਾਲੇ ਅਤੇ ਨਵੇਂ ਤਜਵੀਜਤ ਸਕੂਲਾਂ ਵਿਚ ਹਰ ਸਕੂਲ ਵਿੱਚ 2 ਅਸਾਮੀਆਂ ਜਰੂਰ ਭਰੀਆਂ ਜਾਣ।